
# ਪਰਿਵਾਰਾਂ ਲਈ ਪੜ੍ਹਨਾ:

## ਆਪਣੇ ਬੱਚੇ ਦੀ ਘਰ ਵਿਚ ਪੜ੍ਹਨ ਵਿਚ ਮਦਦ ਕਰਨਾ

**ਕਿੰਡਰਗਾਰਟਨ - ਗਰੇਡ 1**



AchieveBC

## ਪਰਿਵਾਰਾਂ ਲਈ ਪੜ੍ਹਨਾ: ਆਪਣੇ ਬੱਚੇ ਦੀ ਘਰ ਵਿਚ ਪੜ੍ਹਣ ਵਿਚ ਮਦਦ ਕਰਨਾ

ਮਾਪੇ ਅਤੇ ਗਾਰਡੀਅਨ ਕਿਸੇ ਵੀ ਬੱਚੇ ਦੇ ਪਹਿਲੇ ਅਤੇ ਸੱਭ ਤੋਂ ਮਹੱਤਵਪੂਰਨ ਅਧਿਆਪਕ ਹੁੰਦੇ ਹਨ, ਅਤੇ ਆਪਣੇ ਬੱਚੇ ਦੀ ਪੜ੍ਹਨਾ ਸਿੱਖਣ ਵਿਚ ਮਦਦ ਕਰਨਾ ਉਨ੍ਹਾਂ ਸੱਭ ਤੋਂ ਮਹੱਤਵਪੂਰਨ ਚੀਜ਼ਾਂ ਵਿਚੋਂ ਇਕ ਹੈ ਜਿਹੜੀਆਂ ਤੁਸੀਂ ਕਰ ਸਕਦੇ ਹੋ। ਇਹ ਇਸ ਕਰਕੇ ਹੈ ਕਿਉਂਕਿ ਪੜ੍ਹਨਾ ਜ਼ਿੰਦਗੀ ਭਰ ਦੀ ਸਿਖਿਆ ਲਈ ਦਰਵਾਜ਼ਾ ਖੋਲ੍ਹਦਾ ਹੈ। ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਣ ਲਈ ਹਰ ਰੋਜ਼ ਸਮਾਂ ਕੱਢੋ। ਹਰ ਤਰ੍ਹਾਂ ਦੀਆਂ ਚੀਜ਼ਾਂ ਪੜ੍ਹੋ, ਜਿਵੇਂ ਕਹਾਣੀਆਂ ਦੀਆਂ ਕਿਤਾਬਾਂ, ਗਾਣੇ, ਮੈਗਜ਼ੀਨ ਅਤੇ ਅਖਬਾਰਾਂ ਦੇ ਆਰਟੀਕਲ, ਗੈਰ-ਸਾਹਿਤਕ ਕਿਤਾਬਾਂ, ਹਸਾਉਣ ਵਾਲੀਆਂ ਕਿਤਾਬਾਂ ਅਤੇ ਚਿੱਠੀਆਂ। ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਉਣਾ ਜਾਰੀ ਰੱਖੋ ਭਾਵੇਂ ਉਸ ਨੇ ਇਹ ਸਿੱਖ ਵੀ ਲਿਆ ਹੋਵੇ ਕਿ ਕਿਵੇਂ ਪੜ੍ਹਨਾ ਹੈ। ਉੱਚੀ ਬੋਲ ਕੇ ਪੜ੍ਹਣ ਨਾਲ ਪੜ੍ਹਣ ਲਈ ਪਿਆਰ ਪੈਦਾ ਹੁੰਦਾ ਹੈ ਅਤੇ ਤੁਹਾਡੇ ਬੱਚੇ ਦੀ ਸ਼ਬਦਾਵਲੀ ਵਧਦੀ ਹੈ। ਆਪਣੇ ਬੱਚੇ ਨੂੰ ਉੱਚੀ ਪੜ੍ਹਣ ਲਈ ਕਹੋ। ਸਫੇ ਪੜ੍ਹਣ ਲਈ ਜਾਂ ਵੱਖ ਵੱਖ ਕਿਰਦਾਰਾਂ ਲਈ ਵੱਖ ਵੱਖ ਆਵਾਜ਼ਾਂ ਵਿਚ ਬੋਲਣ ਲਈ ਵਾਰੀਆਂ ਲਵੋ। ਸ਼ਬਦਾਂ, ਕਹਾਣੀਆਂ ਅਤੇ ਕਿਤਾਬਾਂ ਬਾਰੇ ਗੱਲਾਂ ਕਰੋ। ਪਬਲਿਕ ਲਾਇਬਰੇਰੀ ਜਾਉ, ਖਾਣੇ ਬਣਾਉਣ ਲਈ ਰੈਸਪੀਆਂ ਪੜ੍ਹੋ, ਗਰੋਸਰੀ ਲਿਸਟਾਂ ਤਿਆਰ ਕਰੋ ਅਤੇ ਸ਼ਬਦਾਂ ਦੀਆਂ ਖੇਡਾਂ ਖੇਡੋ। ਸਿਰਜਣਾਤਮਕ ਬਣੋ, ਅਤੇ ਅਨੰਦ ਮਾਣੋ!

# ਪਰਿਵਾਰਾਂ ਲਈ ਪੜ੍ਹਨਾ:
## ਆਪਣੇ ਬੱਚੇ ਦੀ ਘਰ ਵਿਚ ਪੜ੍ਹਣ ਵਿਚ ਮਦਦ ਕਰਨਾ


### ਭਾਗ 1

**ਗੱਲਾਂ ਕਰਨਾ ਅਤੇ ਸਿੱਖਣਾ . . . . . 1**

### ਭਾਗ 2

**ਆਵਾਜ਼ਾਂ, ਅੱਖਰ ਅਤੇ ਸ਼ਬਦ . . . . . 1**

ਇਕਸੁਰ ਅੱਖਰਾਂ ਨੂੰ ਸਿੱਖਣਾ . . . . . 1

ਪਛਾਣ ਵਿਚ ਆਉਂਦੇ ਸ਼ਬਦ . . . . . 1

ਪੜ੍ਹਣਾ ਸ਼ੁਰੂ ਕਰਨਾ . . . . . 2

### ਭਾਗ 3

**ਪੜ੍ਹੇ ਜਾ ਰਹੇ ਨੂੰ ਸਮਝਣਾ . . . . . 2**

ਪਹਿਲਾਂ ਅਨੁਮਾਨ ਲਾਉਣਾ . . . . . 2

ਅਰਥ ਲੱਭਣਾ . . . . . 2

### ਭਾਗ 4

**ਨਿੱਜੀ ਸਬੰਧ ਬਣਾਉਣਾ . . . . . 3**

ਜ਼ਿੰਦਗੀ ਦੇ ਤਜਰਬਿਆਂ ਨਾਲ ਸਬੰਧ . . . . . 3

ਪਸੰਦ ਅਤੇ ਨਾਪਸੰਦ ਚੀਜ਼ਾਂ ਬਾਰੇ ਗੱਲ ਕਰਨਾ . . . . . 3

### ਭਾਗ 5

**ਪੜ੍ਹਣ ਲਈ ਮਾਹੌਲ ਵਧੀਆ ਬਣਾਉਣਾ . . . . . 3**

### ਭਾਗ 6

**ਲਿਟਰੇਸੀ ਕੀ ਹੈ? . . . . . 4**

### ਭਾਗ 7

**ਲਿਟਰੇਸੀ ਨਾਲ ਸੰਬੰਧਿਤ ਵੈੱਬਸਾਈਟ . . . . . 4**



# 1 | ਗੱਲਾਂ ਕਰਨਾ ਅਤੇ ਸਿੱਖਣਾ

ਅਸੀਂ ਇਹ ਜਾਣਦੇ ਹਾਂ ਕਿ ਜਿਹੜੇ ਬੱਚਿਆਂ ਦਾ ਕਿਤਾਬਾਂ ਅਤੇ ਬੋਲਣ ਨਾਲ ਵਾਹ ਪੈਂਦਾ ਹੈ ਅਤੇ ਜਿਨ੍ਹਾਂ ਨੂੰ ਦੂਜੇ ਬੱਚਿਆਂ ਨਾਲ ਖੇਡਣ ਦਾ ਮੌਕਾ ਮਿਲਦਾ ਹੈ, ਉਹ ਸਕੂਲ ਲਈ ਬਿਹਤਰ ਤਿਆਰ ਹੁੰਦੇ ਹਨ। ਜਦੋਂ ਤੁਸੀਂ ਆਪਣੇ ਬੱਚਿਆਂ ਨਾਲ ਗੱਲਾਂ ਕਰਦੇ ਹੋ ਅਤੇ ਉਨ੍ਹਾਂ ਨੂੰ ਗਾ ਕੇ ਸੁਣਾਉਂਦੇ ਹੋ ਅਤੇ ਉਨ੍ਹਾਂ ਨੂੰ ਦੂਜਿਆਂ ਨਾਲ ਗੱਲ ਕਰਨ ਅਤੇ ਖੇਡਣ ਲਈ ਉਤਸ਼ਾਹ ਦਿੰਦੇ ਹੋ ਤਾਂ ਤੁਸੀਂ ਉਨ੍ਹਾਂ ਦੀ ਕਾਮਯਾਬ ਪਾਠਕ ਅਤੇ ਸਿਖਾਂਦਰੂ ਬਣਨ ਵਿਚ ਮਦਦ ਕਰ ਰਹੇ ਹੁੰਦੇ ਹੋ। ਸ਼ੁਰੂ ਕਰਨ ਵਿਚ ਮਦਦ ਕਰਨ ਲਈ ਕੁਝ ਨੁਸਖੇ ਇਹ ਹਨ:

> ਆਪਣੇ ਬੱਚਿਆਂ ਨਾਲ ਗੱਲਾ ਕਰੋ। ਉਨ੍ਹਾਂ ਤੋਂ ਉਨ੍ਹਾਂ ਦੇ ਦਿਨ ਬਾਰੇ ਸਵਾਲ ਪੁੱਛੋ ਅਤੇ ਇਹ ਪੁੱਛੋ ਕਿ ਉਨ੍ਹਾਂ ਨੇ ਕੀ ਦੇਖਿਆ, ਕੀ ਸੁਣਿਆ, ਕਿਸ ਚੀਜ਼ ਦਾ ਸੁਆਦ ਦੇਖਿਆ, ਕਿਸ ਚੀਜ਼ ਨੂੰ ਛੂਹਿਆ ਅਤੇ ਸੁੰਘਿਆ। ਉਨ੍ਹਾਂ ਨੇ ਕਿਹੜੀ ਚੀਜ਼ ਪਸੰਦ ਕੀਤੀ ਅਤੇ ਕਿਹੜੀ ਨਹੀਂ ਕੀਤੀ? ਕਿਉਂ? ਉਹ ਕਿਸ ਚੀਜ਼ ਬਾਰੇ ਹੋਰ ਜਾਣਨਾ ਚਾਹੁੰਦੇ ਹਨ?

> ਆਪਣੇ ਬੱਚੇ ਦੀ ਨਵੇਂ ਸ਼ਬਦ ਸਿੱਖਣ ਵਿਚ ਮਦਦ ਕਰਨ ਲਈ ਉਸ ਨੂੰ ਗਾ ਕੇ ਸੁਣਾਉ। ਉਦਾਹਰਣ ਲਈ, ਖੇਡੋ "ਫਾਈਂਡ ਦਾ ਔਡ ਵੱਨ ਆਉਟ" – ਅਜਿਹੇ ਦੋ ਸ਼ਬਦ ਕਹੋ ਜਿਨ੍ਹਾਂ ਦੀ ਤੁੱਕ ਮਿਲਦੀ ਹੋਵੇ (*ਜਿਵੇਂ ਮੂਨ, ਸਪੂਨ*) ਅਤੇ ਇਕ ਅਜਿਹਾ ਸ਼ਬਦ ਕਹੋ ਜਿਸ ਦੀ ਤੁੱਕ ਨਾ ਮਿਲਦੀ ਹੋਵੇ (*ਜਿਵੇਂ ਕਾਰ*)। ਆਪਣੇ ਬੱਚੇ ਨੂੰ ਪੁੱਛੋ ਕਿ ਕਿਹੜੀ ਚੀਜ਼ ਨਹੀਂ ਮਿਲਦੀ।

> ਆਪਣੇ ਬੱਚੇ ਲਈ ਸਕੂਲ ਤੋਂ ਬਾਹਰ ਹੋਰ ਬੱਚਿਆਂ ਨਾਲ ਗੱਲਬਾਤ ਕਰਨ ਦੇ ਮੌਕੇ ਪੈਦਾ ਕਰੋ। ਉਦਾਹਰਣ ਲਈ, ਆਪਣੇ ਬੱਚੇ ਨੂੰ ਕਿਸੇ ਦੋਸਤ ਨੂੰ ਟੈਲੀਫੋਨ ਕਰਨ ਦਿਉ ਜਾਂ 'ਖੇਡਣ ਦੀ ਤਰੀਕ' ਤਹਿ ਕਰੋ ਜਾਂ ਆਪਣੇ ਬੱਚੇ ਦੇ ਦੋਸਤ ਜਾਂ ਗੁਆਂਢੀ ਨਾਲ ਆਪਣੇ ਬੱਚੇ ਨੂੰ ਲਾਇਬਰੇਰੀ ਲੈ ਕੇ ਜਾਉ।






# 2 | ਆਵਾਜ਼ਾਂ, ਅੱਖਰ ਅਤੇ ਸ਼ਬਦ

## ਇਕਸੁਰ ਅੱਖਰਾਂ ਨੂੰ ਸਿੱਖਣਾ

ਤੁਸੀਂ ਜਾਣੇ-ਪਛਾਣੇ ਸ਼ਬਦਾਂ ਵਿਚਲੇ ਅੱਖਰਾਂ ਨੂੰ ਮਿਲਦੀਆਂ-ਜੁਲਦੀਆਂ ਆਵਾਜ਼ਾਂ ਅਤੇ ਅੱਖਰਾਂ ਨਾਲ ਮੇਚਣ ਵਿਚ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ। ਅਜਿਹੀਆਂ ਸਰਗਰਮੀਆਂ ਕਰੋ ਜਿੱਥੇ ਬੱਚਿਆਂ ਨੂੰ ਕੁਝ ਕਾਮਯਾਬੀ ਮਿਲ ਸਕਦੀ ਹੋਵੇ, ਉਹ ਆਪਣੀ ਤਰੱਕੀ ਦੇਖ ਸਕਣ ਅਤੇ ਆਨੰਦ ਮਾਣ ਸਕਣ। ਘਰ ਵਿਚ ਖੇਡੀਆਂ ਜਾਣ ਵਾਲੀਆਂ ਖੇਡਾਂ ਅਤੇ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਬਾਰੇ ਕੁਝ ਸੁਝਾਅ ਇਹ ਹਨ:

> ਆਪਣੇ ਬੱਚੇ ਨਾਲ "ਆਈ ਸਪਾਈ" ਖੇਡੋ, ਅਤੇ ਅਜਿਹੇ ਸ਼ਬਦ ਵਰਤੋ ਜਿਹੜੇ ਵੱਖ ਵੱਖ ਅੱਖਰਾਂ ਨਾਲ ਸ਼ੁਰੂ ਹੁੰਦੇ ਹਨ (*ਜਿਵੇਂ ਐੱਮ ਜਾਂ ਪੀ*)। ਫਰਨੀਚਰ, ਸਾਈਨਾਂ, ਲੇਬਲਾਂ ਅਤੇ ਗਰੋਸਰੀ ਦੀਆਂ ਚੀਜ਼ਾਂ ਦੀ ਵਰਤੋਂ ਕਰੋ – ਰੋਜ਼ ਇਕੱਠੇ ਸਫਰ ਕਰਨ ਵੇਲੇ ਕੋਈ ਵੀ ਅਜਿਹਾ ਸ਼ਬਦ ਜਿਸ ਨਾਲ ਵਾਹ ਪੈਂਦਾ ਹੈ।



> ਆਪਣੇ ਬੱਚੇ ਨੂੰ ਅੱਖਰ ਦੀ ਚੋਣ ਕਰਨ ਦਿਉ (ਜਿਵੇਂ ਅੱਖਰ ਟੀ)। ਅੱਖਰ ਨੂੰ ਪੇਪਰ ਦੇ ਟੁਕੜਿਆਂ 'ਤੇ ਲਿਖੋ ਅਤੇ ਉਸ ਪੇਪਰ ਨੂੰ ਘਰ ਵਿਚਲੀਆਂ ਉਨ੍ਹਾਂ ਚੀਜ਼ਾਂ ਉਪਰ ਰੱਖੋ ਜਿਨ੍ਹਾਂ ਦਾ ਨਾਂ ਉਸ ਅੱਖਰ ਨਾਲ ਸ਼ੁਰੂ ਹੁੰਦਾ ਹੈ (ਜਿਵੇਂ ਟੇਬਲ, ਟਾਇਲਟ, ਟਾਵਲ, ਟੋਮੇਟੋ)। ਅੱਖਰ ਨੂੰ ਉਸ ਚੀਜ਼ 'ਤੇ ਰੱਖ ਕੇ ਦੇਖੋ ਜਿਸ ਦਾ ਨਾਂ ਉਸ ਅੱਖਰ ਨਾਲ ਸ਼ੁਰੂ ਨਹੀਂ ਹੁੰਦਾ ਅਤੇ ਫਿਰ ਇਹ ਦੇਖੋ ਕਿ ਕੀ ਤੁਹਾਡਾ ਬੱਚਾ "ਗਲਤੀ" ਫੜਦਾ ਹੈ ਕਿ ਨਹੀਂ।


> ਸ਼ਬਦਾਂ ਦੇ ਪੈਟਰਨਾਂ ਨਾਲ "ਤੁੱਕਬੰਦੀ ਟਾਵਰ" ਬਣਾ ਕੇ ਖੇਡੋ। ਇਕ ਕਿਤਾਬ ਟੇਬਲ ਉੱਪਰ ਰੱਖੋ। ਕੋਈ ਸ਼ਬਦ ਚੁਣੋ ਜਿਵੇਂ ਕੈਟ, ਅਤੇ ਆਪਣੇ ਬੱਚੇ ਨੂੰ ਕਹੋ ਕਿ ਉਹ ਅਜਿਹੇ ਸ਼ਬਦਾਂ ਬਾਰੇ ਸੋਚੇ ਜਿਨ੍ਹਾਂ ਦੀ ਤੁੱਕ ਇਸ ਨਾਲ ਮਿਲਦੀ ਹੈ (ਇਕੋ ਆਵਾਜ਼ ਵਾਲੇ ਸ਼ਬਦ, ਜਿਵੇਂ *ਮੈਟ ਜਾਂ ਹੈਟ*)। ਵਾਰੀ ਲਵੋ। ਜਦੋਂ ਤੁਹਾਡੇ ਵਿਚੋਂ ਕੋਈ ਵੀ ਉਹੋ ਜਿਹਾ ਸ਼ਬਦ ਬੋਲੇ ਤਾਂ ਆਪਣੇ "ਤੁੱਕਬੰਦੀ ਟਾਵਰ" ਉੱਪਰ ਇਕ ਹੋਰ ਕਿਤਾਬ ਰੱਖ ਦੇਵੋ। ਟਾਵਰ ਦੇ ਡਿਗਣ ਤੋਂ ਪਹਿਲਾਂ ਤੁਸੀਂ ਇਸ ਨੂੰ ਕਿੰਨਾ ਵੱਡਾ ਕਰ ਸਕਦੇ ਹੋ?

## ਪਛਾਣ ਵਿਚ ਆਉਂਦੇ ਸ਼ਬਦ

ਆਪਣੇ ਬੱਚੇ ਦੇ ਟੀਚਰ ਨੂੰ ਪੁੱਛੋ ਕਿ ਤੁਹਾਡੇ ਬੱਚੇ ਨੂੰ ਆਪਣੇ ਗਰੇਡ ਵਿਚ ਕਿਹੜੇ ਸ਼ਬਦ ਜਾਣਨੇ ਚਾਹੀਦੇ ਹਨ (ਉਹ ਸ਼ਬਦ ਜਿਨ੍ਹਾਂ ਦੀ ਤੁਹਾਡਾ ਬੱਚਾ ਫੌਰਨ ਪਛਾਣ ਕਰ ਸਕਦਾ ਹੋਵੇ, ਅੱਖਰ ਜਾਂ ਸ਼ਬਦ ਬੋਲੇ ਬਿਨਾਂ)। ਆਪਣੇ ਬੱਚੇ ਦੀ ਸਿੱਖਣ ਵਿਚ ਮਦਦ ਕਰਨ ਲਈ ਸ਼ੁਗਲ ਵਾਲੇ ਤਰੀਕਿਆਂ ਬਾਰੇ ਸੋਚੋ। ਸ਼ੁਗਲ ਵਾਲੀਆਂ ਸਰਗਰਮੀਆਂ ਲਈ ਕੁਝ ਸੁਝਾਅ ਇਹ ਹਨ:

> ਆਪਣੇ ਬੱਚੇ ਨਾਲ ਪੜ੍ਹਨ ਵੇਲੇ ਇਕ ਸ਼ਬਦ ਚੁਣੋ ਅਤੇ ਉਹ ਸ਼ਬਦ ਹਰ ਵਾਰੀ ਆਉਣ ਵੇਲੇ ਆਪਣੇ ਬੱਚੇ ਨੂੰ ਚੁਟਕੀ ਵਜਾਉਣ ਦਿਉ। (*ਜਿਵੇਂ ਜਦੋਂ ਅਸੀਂ ਸ਼ਬਦ "ਐਂਡ" ਪੜ੍ਹਾਂਗੇ ਤਾਂ ਤੂੰ ਚੁਟਕੀ ਵਜਾਵੀਂ*)।

> ਆਪਣੇ ਬੱਚੇ ਨੂੰ ਅੱਖਰਾਂ ਵਾਲੀਆਂ ਖਾਣ ਵਾਲੀਆਂ ਚੀਜ਼ਾਂ ਜਾਂ ਸੀਰੀਅਲ ਦੀ ਵਰਤੋਂ ਨਾਲ ਆਪਣੇ ਸ਼ਬਦਾਂ ਨੂੰ ਲਿਖਣ, ਪੜ੍ਹਨ ਅਤੇ ਖਾਣ ਲਈ ਉਤਸ਼ਾਹ ਦਿਉ।



> ਅਖਬਾਰਾਂ, ਮੈਗਜ਼ੀਨਾਂ ਜਾਂ ਸੀਰੀਅਲ ਬੌਕਸਾਂ ਤੋਂ ਅੱਖਰ ਕੱਟੋ ਅਤੇ ਉਨ੍ਹਾਂ ਨੂੰ ਇਕ ਡੱਬੇ ਵਿਚ ਪਾਉ। ਤੁਹਾਡਾ ਬੱਚਾ ਆਪਣੀ ਪਛਾਣ ਵਿਚ ਆਉਂਦੇ ਸ਼ਬਦਾਂ ਨੂੰ ਲਿਖਣ ਵੇਲੇ ਪ੍ਰੈਕਟਿਸ ਕਰਨ ਲਈ ਇਨ੍ਹਾਂ ਦੀ ਵਰਤੋਂ ਕਰ ਸਕਦਾ ਹੈ।

> ਹਫਤੇ ਵਿਚ ਇਕ ਸ਼ਾਮ ਨੂੰ ਖੇਡਾਂ ਦੀ ਰਾਤ ਬਣਾਉ। ਸਟੋਰ ਵਿਚੋਂ ਸ਼ਬਦਾਂ ਦੀ ਕੋਈ ਖੇਡ ਲਿਆਉ ਜਾਂ ਘਰ ਬਣਾਉ ਜਿਸ ਦਾ ਸਾਰਾ ਪਰਿਵਾਰ ਆਨੰਦ ਮਾਣ ਸਕਦਾ ਹੋਵੇ।

## ਪੜ੍ਹਨਾ ਸ਼ੁਰੂ ਕਰਨਾ

ਜੇ ਤੁਹਾਡਾ ਬੱਚਾ ਛੋਟੀਆਂ, ਤਸਵੀਰਾਂ ਵਾਲੀਆਂ ਆਸਾਨ ਕਹਾਣੀਆਂ ਪੜ੍ਹਨਾ ਸ਼ੁਰੂ ਕਰ ਰਿਹਾ ਹੈ ਤਾਂ ਓਪਰੇ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਨੂੰ ਸਮਝਣ ਵਿਚ ਉਸ ਦੀ ਮਦਦ ਕਰੋ। ਸ਼ੁਰੂ ਕਰਨ ਲਈ ਕੁਝ ਸੁਝਾਅ ਇਹ ਹਨ:

> ਜੇ ਤੁਹਾਡਾ ਬੱਚਾ ਕਿਸੇ ਸ਼ਬਦ 'ਤੇ "ਅੜ" ਜਾਵੇ ਤਾਂ ਕੁਝ ਸਕਿੰਟ ਉਡੀਕ ਕਰੋ ਅਤੇ ਫਿਰ ਉਸ ਨੂੰ ਕੋਈ ਸਵਾਲ ਪੁੱਛ ਕੇ ਪ੍ਰੇਰਿਤ ਕਰੋ (ਮਦਦ ਕਰਨ ਲਈ ਕੋਈ ਸੰਕੇਤ ਦਿਉ) (*ਜਿਵੇਂ ਪਹਿਲੇ ਅੱਖਰ ਦੀ ਕੀ ਆਵਾਜ਼ ਹੈ? ਕੀ ਤੈਨੂੰ ਕਿਸੇ ਹੋਰ ਸ਼ਬਦ ਦਾ ਪਤਾ ਹੈ ਜਿਹੜਾ ਇਸ ਆਵਾਜ਼ ਨਾਲ ਸ਼ੁਰੂ ਹੁੰਦਾ ਹੈ? ਕੀ ਤਸਵੀਰ ਤੈਨੂੰ ਕੁਝ ਦੱਸਦੀ ਹੈ?*)

> ਕਿਸੇ ਅਜਿਹੇ ਸ਼ਬਦ ਬਾਰੇ ਸੋਚੋ ਜਿਹੜਾ ਤੁਹਾਡਾ ਬੱਚਾ ਜਾਣਦਾ ਹੋ ਸਕਦਾ ਹੈ, ਅਤੇ ਅੰਦਾਜ਼ਾ ਲਾਉਣ ਵਿਚ ਉਸ ਦੀ ਮਦਦ ਕਰਨ ਲਈ ਉਸ ਨੂੰ ਸੰਕੇਤ ਦਿਉ। ਉਦਾਹਰਣ ਲਈ, *ਇਸ ਦੀਆਂ ਚਾਰ ਲੱਤਾਂ ਅਤੇ ਨਰਮ ਖੱਲ ਹੈ। ਇਹ ਕੁੱਤੇ ਨਾਲੋਂ ਛੋਟਾ ਹੈ। ਜਦੋਂ ਇਹਨੂੰ ਭੁੱਖ ਲੱਗਦੀ ਹੈ ਤਾਂ ਇਹ "ਮੀਊ" ਕਹਿੰਦਾ ਹੈ।* ਇਨ੍ਹਾਂ ਸੁਰਾਗਾਂ ਨਾਲ ਤੁਹਾਡਾ ਬੱਚਾ ਇਹ ਅੰਦਾਜ਼ਾ ਲਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਇਹ ਸ਼ਬਦ ਬਿੱਲੀ ਹੈ। ਵਾਰੋ ਵਾਰੀ ਸ਼ਬਦਾਂ ਦੀ ਚੋਣ ਕਰੋ ਅਤੇ ਸੁਰਾਗ ਦੇਵੋ।

> ਖਾਣਾ ਬਣਾਉਣ ਵੇਲੇ ਆਪਣੇ ਬੱਚੇ ਨੂੰ ਕਹੋ ਕਿ ਉਹ ਤੁਹਾਨੂੰ ਕਹਾਣੀਆਂ ਦੀ ਕਿਤਾਬ ਵਿਚੋਂ ਪੜ੍ਹ ਕੇ ਸੁਣਾਵੇ। ਉਹ ਜੋ ਪੜ੍ਹੇ ਉਸ ਬਾਰੇ ਗੱਲ ਕਰੋ। ਜੇ ਉਹ ਕਿਸੇ ਸ਼ਬਦ ਉੱਤੇ ਅੜ ਜਾਵੇ ਜਾਂ ਉਸ ਨੂੰ ਅਰਥ ਸਮਝ ਨਾ ਆਵੇ ਤਾਂ ਕੁਝ ਸੰਕੇਤ ਦੇ ਕੇ ਦੇਖੋ (*ਜਿਵੇਂ ਕਿਹੜੀ ਚੀਜ਼ ਤੇਰੀ ਮਦਦ ਕਰ ਸਕਦੀ ਹੈ? ਸੋਚੋ ਕਿ ਕਿਹੜੀ ਚੀਜ਼ ਹੋ ਸਕਦੀ ਹੈ। ਕਿਹੜੇ ਹੋਰ ਸ਼ਬਦ ਇਸ ਵਰਗੇ ਹਨ?*) ਉਸ ਨੂੰ ਸੁਝਾਅ ਦਿਉ ਕਿ ਉਹ ਉਸ ਸ਼ਬਦ ਨੂੰ ਛੱਡ ਦੇਵੇ ਅਤੇ ਵਾਕ ਦੇ ਅੰਤ ਤੱਕ ਪੜ੍ਹੇ। ਫਿਰ, ਉਸ ਨੂੰ ਕਹੋ ਕਿ ਉਹ ਵਾਪਸ ਜਾਵੇ ਅਤੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰੇ ਕਿ ਸ਼ਬਦ ਦਾ ਕੀ ਮਤਲਬ ਹੈ।

# 3 | ਪੜ੍ਹੇ ਜਾ ਰਹੇ ਨੂੰ ਸਮਝਣਾ


## ਪਹਿਲਾਂ ਅਨੁਮਾਨ ਲਾਉਣਾ

ਤੁਸੀਂ ਆਪਣੇ ਬੱਚੇ ਨੂੰ ਕਹਾਣੀ ਵਿਚ ਆਉਣ ਵਾਲੀਆਂ ਘਟਨਾਵਾਂ ਦਾ ਪਹਿਲਾਂ ਅਨੁਮਾਨ ਲਾਉਣ ਲਈ ਕਹਿ ਕੇ ਪੜ੍ਹੀ ਜਾਣ ਵਾਲੀ ਕਹਾਣੀ ਨੂੰ ਸਮਝਣ ਵਿਚ ਉਸ ਦੀ ਮਦਦ ਕਰ ਸਕਦੇ ਹੋ:

> ਆਪਣੇ ਬੱਚੇ ਨਾਲ ਕਹਾਣੀ ਪੜ੍ਹਨ ਵੇਲੇ ਅੰਤ ਤੱਕ ਪਹੁੰਚਣ ਤੋਂ ਪਹਿਲਾਂ ਰੁਕ ਜਾਵੋ। ਆਪਣੇ ਬੱਚੇ ਨੂੰ ਕਹੋ ਕਿ ਉਹ ਅਨੁਮਾਨ ਲਾ ਕੇ ਦੱਸੇ (ਇਸ ਬਾਰੇ ਸੋਚ ਅਤੇ ਦੱਸ) ਕਿ ਅਗਾਂਹ ਕੀ ਹੋਵੇਗਾ (*ਜਿਵੇਂ ਤੂੰ ਕਹਾਣੀ ਕਿਵੇਂ ਖਤਮ ਕਰੇਂਗਾ/ਕਰੇਂਗੀ?*) ਕਹਾਣੀ ਪੜ੍ਹ ਲੈਣ ਤੋਂ ਬਾਅਦ, ਇਸ ਚੀਜ਼ ਬਾਰੇ ਗੱਲ ਕਰੋ ਕਿ ਕੀ ਤੁਹਾਡੇ ਬੱਚੇ ਦਾ ਅੰਦਾਜ਼ਾ ਠੀਕ ਸੀ। ਉਸ ਨੂੰ ਪੁੱਛੋ ਕਿ ਉਸ ਨੇ ਕਿਹੜਾ ਅੰਤ ਜ਼ਿਆਦਾ ਪਸੰਦ ਕੀਤਾ (ਅਸਲੀ ਅੰਤ ਜਾਂ ਜੋ ਉਸ ਨੇ ਸੋਚਿਆ) ਅਤੇ ਕਿਉਂ।

> ਆਪਣੇ ਬੱਚੇ ਨਾਲ ਕਿਤਾਬ ਪੜ੍ਹਨ ਤੋਂ ਪਹਿਲਾਂ, ਇਸ ਦੇ ਕਵਰ ਨੂੰ ਰਲ ਕੇ ਦੇਖੋ। ਆਪਣੇ ਬੱਚੇ ਨੂੰ ਕਹੋ ਕਿ ਉਹ ਅੰਦਾਜ਼ਾ ਲਾ ਕੇ ਦੱਸੇ ਕਿ ਕਹਾਣੀ ਕਾਹਦੇ ਬਾਰੇ ਹੈ। ਕਵਰ ਉਪਰਲੀ ਤਸਵੀਰ ਦੇਖੋ ਅਤੇ ਉਨ੍ਹਾਂ ਸਵਾਲਾਂ ਬਾਰੇ ਸੋਚੋ ਜਿਨ੍ਹਾਂ ਦੇ ਕਿਤਾਬ ਪੜ੍ਹਨ ਨਾਲ ਜਵਾਬ ਮਿਲ ਸਕਦੇ ਹਨ (*ਜਿਵੇਂ ਬੱਚਾ ਖੁਸ਼ ਕਿਉਂ ਦਿਖਾਈ ਦਿੰਦਾ ਹੈ?*)।

> ਆਪਣੇ ਬੱਚੇ ਨਾਲ ਗੈਰ-ਸਾਹਿਤਕ ਕਿਤਾਬ ਪੜ੍ਹਨ ਤੋਂ ਪਹਿਲਾਂ ਆਪਣੇ ਬੱਚੇ ਨੂੰ ਸਵਾਲ ਪੁੱਛੋ ਜਿਵੇਂ ਕਿ *ਤੈਨੂੰ ਖਰਗੋਸ਼ਾਂ ਬਾਰੇ ਕੀ ਪਤਾ ਹੈ? ਤੂੰ ਖਰਗੋਸ਼ਾਂ ਬਾਰੇ ਕੀ ਜਾਣਨਾ ਚਾਹੁੰਦਾ/ਚਾਹੁੰਦੀ ਏਂ? ਕੀ ਇਹ ਕਿਤਾਬ ਫਾਇਦੇਮੰਦ ਹੋਵੇਗੀ? ਤੈਨੂੰ ਕਿਵੇਂ ਪਤਾ ਹੈ?* ਜੇ ਬੱਚਿਆਂ ਕੋਲ ਸਵਾਲ ਹੋਣ ਤਾਂ ਉਨ੍ਹਾਂ ਨੂੰ ਜਵਾਬਾਂ ਦੀ ਲੋੜ ਹੁੰਦੀ ਹੈ, ਉਨ੍ਹਾਂ ਕੋਲ ਪੜ੍ਹਨ ਲਈ ਕੋਈ ਮੰਤਵ ਹੁੰਦਾ ਹੈ।




## ਅਰਥ ਲੱਭਣਾ

ਤੁਸੀਂ ਆਪਣੇ ਬੱਚੇ ਨੂੰ ਉਤਸ਼ਾਹ ਦੇ ਕੇ ਉਸ ਦੀ ਇਹ ਸਮਝਣ ਵਿਚ ਵੀ ਮਦਦ ਕਰ ਸਕਦੇ ਹੋ ਕਿ ਜੋ ਕੁਝ ਸਫੇ ਉੱਤੇ ਲਿਖਿਆ ਹੋਇਆ ਹੈ, ਉਸ ਦਾ ਡੂੰਘਾ ਅਰਥ ਕੀ ਹੈ। ਕੁਝ ਸੁਝਾਅ ਇਹ ਹਨ:

> ਆਪਣੇ ਬੱਚੇ ਨਾਲ ਪੜ੍ਹਨ ਵੇਲੇ ਅਜਿਹੇ ਸੁਆਲ ਪੁੱਛੋ ਜਿਹੜੇ ਤੁਹਾਡੇ ਬੱਚੇ ਨੂੰ ਭਾਵ ਅਰਥ ਸਮਝਾਉਣ। ਉਦਾਹਰਣ ਲਈ, *ਤੇਰੇ ਖਿਆਲ ਅਨੁਸਾਰ ਐਸ਼ਲੀ ਨੇ ਇਹ ਕਿਉਂ ਕਿਹਾ? ਤੇਰੇ ਖਿਆਲ ਮੁਤਾਬਕ ਐਸ਼ਲੀ ਨੇ ਉਦੋਂ ਕਿਵੇਂ ਮਹਿਸੂਸ ਕੀਤਾ ਜਦੋਂ ਟੈਰੀ ਨੂੰ ਸੌਕਰ ਖੇਡਣ ਦੀ ਆਗਿਆ ਮਿਲ ਗਈ? ਜੇ ਇਹ ਤੇਰੇ ਨਾਲ ਹੋਵੇ ਤਾਂ ਤੂੰ ਕਿਵੇਂ ਮਹਿਸੂਸ ਕਰੇਂ?*

- ਗਰੌਸਰੀ ਸਟੋਰ, ਬੱਸ ਵਿਚ, ਪਾਰਕ ਵਿਚ ਤੁਰੇ ਜਾਂਦੇ ਖੋਜੀ ਬਣਨ ਦੀ ਖੇਡ ਖੇਡੋ। ਵਾਰੀ ਵਾਰੀ ਇਹ ਅੰਦਾਜ਼ਾ ਲਾਓ ਕਿ ਕੋਈ ਕੀ ਕਰ ਰਿਹਾ ਹੈ, ਕਿਵੇਂ ਮਹਿਸੂਸ ਕਰ ਰਿਹਾ ਹੈ ਜਾਂ ਕੀ ਕਹਿ ਰਿਹਾ ਹੈ। ਆਪਣਾ ਕੇਸ ਮਜ਼ਬੂਤ ਕਰਨ ਦੇ ਕਾਰਨ ਦੱਸੋ। ਉਦਾਹਰਣ ਲਈ, *ਮੈਂ ਸ਼ਰਤ ਲਾ ਕੇ ਕਹਿੰਦਾ/ਕਹਿੰਦੀ ਹਾਂ ਕਿ ਉਹ ਵਿਅਕਤੀ ਬਰਥਡੇਅ ਪਾਰਟੀ ਕਰ ਰਿਹਾ ਹੈ ਕਿਉਂਕਿ ਉਹ ਕੇਕ ਅਤੇ ਗੁਬਾਰੇ ਖਰੀਦ ਰਿਹਾ ਹੈ। ਉਹ ਬੱਚਾ ਖੁਸ਼ ਹੈ ਕਿਉਂਕਿ ਪੀਂਘ 'ਤੇ ਕਾਫੀ ਉੱਚਾ ਜਾ ਰਿਹਾ ਹੈ ਅਤੇ ਮੁਸਕਰਾ ਰਿਹਾ ਹੈ।*



# 4 | ਨਿੱਜੀ ਸਬੰਧ ਬਣਾਉਣਾ

## ਜ਼ਿੰਦਗੀ ਦੇ ਤਜਰਬਿਆਂ ਨਾਲ ਸਬੰਧ

ਜਿੰਨਾ ਜ਼ਿਆਦਾ ਤੁਸੀਂ ਆਪਣੇ ਬੱਚੇ ਨੂੰ ਪੜ੍ਹੇ ਜਾਣ ਵਾਲੇ ਕਿਰਦਾਰਾਂ ਜਾਂ ਹਾਲਤਾਂ ਨਾਲ ਜੋੜੋਗੇ ਉਤਨਾ ਜ਼ਿਆਦਾ ਹੀ ਤੁਸੀਂ ਆਪਣੇ ਬੱਚੇ ਦੀ ਆਪਣੀ ਜ਼ਿੰਦਗੀ ਦੇ ਤਜਰਬਿਆਂ ਨਾਲ ਜੁੜਣ ਵਿਚ ਮਦਦ ਕਰ ਸਕਦੇ ਹੋ ਅਤੇ ਉਤਨਾ ਜ਼ਿਆਦਾ ਹੀ ਪੜ੍ਹੀ ਜਾਣ ਵਾਲੀ ਕਿਤਾਬ ਦੇ ਅਰਥ ਸਮਝ ਆਉਣਗੇ।


- ਆਪਣੇ ਬੱਚੇ ਨਾਲ ਪੜ੍ਹਣ ਵੇਲੇ, ਉਸ ਨੂੰ ਕਿਸੇ ਤਰੀਕੇ ਨਾਲ ਇਹ ਦੱਸੋ ਕਿ ਇਹ ਕਹਾਣੀ ਕਿਵੇਂ ਉਹਦੀ ਜ਼ਿੰਦਗੀ ਨਾਲ ਜੁੜਦੀ ਹੈ। ਹੋਰ ਕਹਾਣੀਆਂ, ਲੋਕਾਂ ਜਾਂ ਘਟਨਾਵਾਂ ਬਾਰੇ ਗੱਲ ਕਰੋ ਜਿਹੜੇ ਕਿਤਾਬ ਮੁਤਾਬਕ ਹਨ। ਉਦਾਹਰਣ ਲਈ, *ਅਸੀਂ ਵੀ ਤੇਰੇ ਬਰਥਡੇਅ ਲਈ ਪਾਰਕ ਗਏ ਸੀ। ਉਸ ਦੇ ਨਾਨਾ ਨਾਨੀ ਔਟਵਾ ਰਹਿੰਦੇ ਹਨ, ਜਿਵੇਂ ਤੇਰੇ ਰਹਿੰਦੇ ਹਨ।*
- ਜਿਵੇਂ ਜਿਵੇਂ ਤੁਹਾਡਾ ਬੱਚਾ ਕਿਤਾਬ ਦੇ ਸਫੇ ਪਰਤੇ ਅਤੇ ਤਸਵੀਰਾਂ ਵੱਲ ਦੇਖੇ, ਉਸ ਨੂੰ ਪੁੱਛੋ ਕਿ ਉਸ ਦੇ ਖਿਆਲ ਮੁਤਾਬਕ ਕਹਾਣੀ ਵਿਚ ਕੀ ਹੋ ਰਿਹਾ ਹੈ। ਉਸ ਨੂੰ ਉਨ੍ਹਾਂ ਤੌਰ-ਤਰੀਕਿਆਂ ਬਾਰੇ ਸੋਚਣ ਲਈ ਕਹੋ ਜਿਸ ਤਰ੍ਹਾਂ ਇਹ ਕਹਾਣੀ ਉਨ੍ਹਾਂ ਦੀ ਜ਼ਿੰਦਗੀ ਵਰਗੀ ਹੈ। ਉਸ ਨੂੰ ਨਿੱਜੀ ਸਬੰਧ ਬਣਾਉਣ ਲਈ ਉਤਸ਼ਾਹ ਦਿਉ (*ਜਿਵੇਂ ਤੈਨੂੰ ਵੇਲਜ਼ ਬਾਰੇ ਕੀ ਪਤਾ ਹੈ? ਕੀ ਇਸ ਨਾਲ ਤੈਨੂੰ ਆਪਣੇ ਪਿਛਲੇ ਟਰਿੱਪ ਦਾ ਚੇਤਾ ਆਉਂਦਾ ਹੈ? ਕੀ ਤੈਨੂੰ ਪਿਛਲੀ ਵਾਰ ਦੰਦਾਂ ਦੇ ਡਾਕਟਰ ਕੋਲ ਜਾਣ ਦਾ ਚੇਤਾ ਹੈ?*)

## ਪਸੰਦ ਅਤੇ ਨਾਪਸੰਦ ਚੀਜ਼ਾਂ ਬਾਰੇ ਗੱਲ ਕਰਨਾ

ਕਿਸੇ ਕਹਾਣੀ ਜਾਂ ਕਿਤਾਬ ਬਾਰੇ ਤੁਹਾਡੇ ਬੱਚਾ ਕਿਹੜੀ ਚੀਜ਼ ਪਸੰਦ ਕਰਦਾ ਹੈ ਜਾਂ ਨਾਪਸੰਦ ਕਰਦਾ ਹੈ ਬਾਰੇ ਪੁੱਛਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਉਨ੍ਹਾਂ ਨੂੰ ਆਪਣੀ ਸੋਚਣੀ ਦੀ ਵਰਤੋਂ ਕਰਨ ਅਤੇ ਇਸ ਬਾਰੇ ਦੱਸਣਾ ਸਿਖਾਉਂਦਾ ਹੈ। ਰਾਇ ਬਾਰੇ ਗੱਲਬਾਤ ਕਰਨ ਵੇਲੇ ਕੋਈ ਵੀ ਸਹੀ ਜਾਂ ਗਲਤ ਜਵਾਬ ਨਹੀਂ ਹੁੰਦੇ। ਕਿਸੇ ਕਹਾਣੀ ਜਾਂ ਕਿਤਾਬ ਬਾਰੇ ਗੱਲਬਾਤ ਸ਼ੁਰੂ ਕਰਨ ਵੇਲੇ ਤੁਸੀਂ ਆਪਣੇ ਬੱਚੇ ਨੂੰ ਇਹ ਕੁਝ ਸਵਾਲ ਪੁੱਛ ਸਕਦੇ ਹੋ:

- ਆਪਣੇ ਬੱਚੇ ਨਾਲ ਪੜ੍ਹਣ ਵੇਲੇ ਉਸ ਨੂੰ ਪੁੱਛੋ ਕਿ ਉਸ ਨੇ ਕਿਤਾਬ ਬਾਰੇ ਕੀ ਪਸੰਦ ਕੀਤਾ ਹੈ ਅਤੇ ਕੀ ਨਹੀਂ ਕੀਤਾ। ਉਸ ਨੂੰ ਅਸਪਸ਼ਟ ਜਵਾਬ ਦੀ ਬਜਾਏ ਪੱਕਾ ਜਵਾਬ ਦੇਣ ਲਈ ਉਤਸ਼ਾਹ ਦਿਉ। ਉਦਾਹਰਣ ਲਈ, *ਜੇ ਤੁਹਾਡਾ ਬੱਚਾ ਕਹਿੰਦਾ ਹੈ ਕਿ ਉਹ ਕੱਛੂ ਪਸੰਦ ਕਰਦਾ ਹੈ ਤਾਂ ਉਸ ਨੂੰ ਪੁੱਛੋ ਕਿਉਂ। ਮੈਂ ਉਹ ਤਰੀਕਾ ਪਸੰਦ ਕੀਤਾ ਜਿਸ ਤਰ੍ਹਾਂ ਕੱਛੂ ਨੇ ਦੂਜੇ ਜਾਨਵਰਾਂ ਲਈ ਗਾਇਆ ਅਤੇ ਡਾਂਸ ਕੀਤਾ।*
- ਕੋਈ ਕਹਾਣੀ ਪੜ੍ਹਣ ਜਾਂ ਮੂਵੀ ਦੇਖਣ ਤੋਂ ਬਾਅਦ, ਆਪਣੇ ਬੱਚੇ ਨੂੰ ਅਜਿਹੇ ਸਵਾਲ ਪੁੱਛੋ ਜਿਹੜੇ ਉਸ ਦੀ ਰਾਇ ਬਣਾਉਂਦੇ ਹੋਣ। ਉਦਾਹਰਣ ਲਈ, *ਤੇਰਾ ਪਸੰਦੀਦਾ ਕਿਰਦਾਰ ਕਿਹੜਾ ਸੀ? ਕਿਉਂ? ਕਹਾਣੀ ਦਾ ਸੱਭ ਤੋਂ ਦਿਲਚਸਪ ਹਿੱਸਾ ਕਿਹੜਾ ਸੀ? ਕੀ ਇਹ ਇਕ ਵਧੀਆ ਕਹਾਣੀ ਸੀ? ਕਿਉਂ? ਤੁਸੀਂ ਅਜਿਹਾ ਰੋਜ਼ ਦੀ ਗੱਲਬਾਤ ਵਿਚ ਵੀ ਕਰ ਸਕਦੇ ਹੋ। ਜੇ ਤੁਹਾਡਾ ਬੱਚਾ ਕਹਿੰਦਾ ਹੈ ਕਿ ਮੈਂ ਜੇਮੀ ਨਾਲ ਖੇਡਣਾ ਪਸੰਦ ਕਰਦਾ/ਕਰਦੀ ਹਾਂ ਤਾਂ ਉਸ ਨੂੰ ਪੁੱਛੋ ਕਿ ਤੂੰ ਜੇਮੀ ਨਾਲ ਖੇਡਣਾ ਕਿਉਂ ਪਸੰਦ ਕਰਦਾ/ਕਰਦੀ ਏਂ?*

# 4 | ਪੜ੍ਹਣ ਲਈ ਮਾਹੌਲ ਵਧੀਆ ਬਣਾਉਣਾ



ਪੜ੍ਹਣਾ ਜ਼ਿੰਦਗੀ ਦਾ ਇਕ ਕੁਦਰਤੀ ਹਿੱਸਾ ਹੋਣਾ ਚਾਹੀਦਾ ਹੈ ਅਤੇ ਆਪਣੇ ਬੱਚੇ ਨੂੰ ਘਰ ਵਿਚ ਪੜ੍ਹਣ ਲਈ ਉਤਸ਼ਾਹ ਦੇਣ ਲਈ ਤੁਸੀਂ ਬਹੁਤ ਸਾਰੀਆਂ ਚੀਜ਼ਾਂ ਕਰ ਸਕਦੇ ਹੋ। ਕੁਝ ਸੁਝਾਅ ਇਹ ਹਨ:

- ਇਹ ਪੱਕਾ ਕਰੋ ਕਿ ਤੁਹਾਡੇ ਕੋਲ ਘਰ ਵਿਚ ਪੜ੍ਹਣ ਵਾਲੀ ਸਾਮੱਗਰੀ ਹੋਵੇ – ਕਹਾਣੀਆਂ ਦੀਆਂ ਕਿਤਾਬਾਂ, ਗੈਰ-ਸਾਹਿਤਕ ਕਿਤਾਬਾਂ, ਮੈਗਜ਼ੀਨ, ਆਦਿ। ਇਸ ਚੀਜ਼ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਪੜ੍ਹਣ ਸਾਮੱਗਰੀ ਪੁਰਾਣੀ ਜਾਂ ਨਵੀਂ ਹੈ, ਕਿਤਾਬਾਂ ਵਾਲੇ ਸਟੋਰ ਤੋਂ ਖਰੀਦੀ ਹੈ ਜਾਂ ਲਾਇਬਰੇਰੀ ਤੋਂ ਉਧਾਰ ਲਿਆਂਦੀ ਹੈ।

- ਪਰਿਵਾਰ ਦੇ ਨੇਮ ਨਾਲ ਪੜ੍ਹਣ ਲਈ ਸਮਾਂ ਨਿਸ਼ਚਤ ਕਰੋ – ਇਕ ਦਿਨ ਵਿਚ 10 ਜਾਂ 15 ਮਿੰਟ ਵੀ ਬਹੁਤ ਫਰਕ ਪਾਉਣਗੇ। ਆਪਣੇ ਬੱਚੇ ਨਾਲ ਪੜ੍ਹੋ ਜਾਂ, ਜੇ ਤੁਹਾਡਾ ਬੱਚਾ ਆਪਣੇ ਆਪ ਪੜ੍ਹ ਸਕਦਾ ਹੋਵੇ ਤਾਂ ਪਰਿਵਾਰ ਦੇ ਦੂਜੇ ਮੈਂਬਰ ਆਪੋ ਆਪਣਾ ਪੜ੍ਹਣ।
- ਤੁਹਾਡਾ ਬੱਚਾ ਜੋ ਪੜ੍ਹ ਰਿਹਾ ਹੈ ਉਸ ਬਾਰੇ ਉਸ ਨਾਲ ਗੱਲ ਕਰੋ। ਉਸ ਨੂੰ ਪੁੱਛੋ ਕਿ ਕਹਾਣੀ ਵਿਚ ਕੀ ਵਾਪਰਿਆ ਹੈ ਅਤੇ ਕੀ ਉਸ ਨੇ ਇਹ ਪਸੰਦ ਕੀਤਾ ਹੈ।
- ਇਹ ਪੱਕਾ ਕਰੋ ਕਿ ਤੁਹਾਡਾ ਬੱਚਾ ਤੁਹਾਨੂੰ ਪੜ੍ਹਦਿਆਂ ਅਤੇ ਕਿਤਾਬਾਂ ਧਿਆਨ ਨਾਲ ਸਾਂਭਦਿਆਂ ਦੇਖੇ। ਬੱਚੇ ਕੁਦਰਤੀ ਤੌਰ 'ਤੇ ਉਤਸਕ ਹੁੰਦੇ ਹਨ ਅਤੇ ਉਹ ਤੁਹਾਡੀ ਨਕਲ ਕਰਨਾ ਚਾਹੁਣਗੇ।
- ਇਕ ਖਾਸ ਥਾਂ ਬਣਾਉ, ਜੇ ਸੰਭਵ ਹੋਵੇ ਤਾਂ ਬੱਚੇ ਦੇ ਕਮਰੇ ਵਿਚ, ਜਿੱਥੇ ਕਿਤਾਬਾਂ ਅਤੇ ਪੜ੍ਹਣ ਵਾਲੀ ਹੋਰ ਸਾਮੱਗਰੀ ਸਾਂਭ ਕੇ ਰੱਖੀ ਜਾ ਸਕਦੀ ਹੋਵੇ। ਜੇ ਤੁਹਾਡਾ ਕੋਲ ਕਿਤਾਬਾਂ ਰੱਖਣ ਵਾਲੀ ਸ਼ੈਲਫ ਨਹੀਂ ਹੈ ਤਾਂ ਕਿਸੇ ਟੋਕਰੀ, ਲੱਕੜੀ ਜਾਂ ਪਲਾਸਟਿਕ ਦੇ ਬੌਕਸ ਜਾਂ ਕਿਸੇ ਹੋਰ ਮਜ਼ਬੂਤ ਬੌਕਸ ਦੀ ਵਰਤੋਂ ਕਰੋ।

# 6 | ਲਿਟਰੇਸੀ ਕੀ ਹੈ?

ਲਿਟਰੇਸੀ (ਅੱਖਰ-ਬੋਧ) ਪੜ੍ਹਣ, ਲਿਖਣ ਅਤੇ ਗੱਲਬਾਤ ਕਰਨ, ਅਤੇ ਜਾਣਕਾਰੀ ਨੂੰ ਸਮਝਣ ਅਤੇ ਵਰਤਣ ਦੀ ਸਮਰੱਥਾ ਹੈ। ਇਹ ਇਕ ਜ਼ਰੂਰੀ ਹੁਨਰ ਹੈ ਜੋ ਕਿ ਤੁਹਾਡੇ ਬੱਚੇ ਦੀ ਸਕੂਲ ਵਿਚ ਕਾਮਯਾਬ ਹੋਣ ਅਤੇ ਜ਼ਿੰਦਗੀ ਭਰ ਦੇ ਰੋਜ਼ਾਨਾ ਕਾਰਜ ਕਰਨ ਵਿਚ ਮਦਦ ਕਰ ਸਕਦਾ ਹੈ। ਪੜ੍ਹੇ-ਲਿਖੇ ਲੋਕ:

- ਆਨੰਦ ਅਤੇ ਜਾਣਕਾਰੀ ਲੈਣ ਲਈ ਪੜ੍ਹ ਸਕਦੇ ਹਨ
- ਓਪਰੇ ਸ਼ਬਦਾਂ ਅਤੇ ਖਿਆਲਾਂ ਦੇ ਮਤਲਬ ਜਾਣਨ ਲਈ ਆਪਣੇ ਪੜ੍ਹਣ ਅਤੇ ਸਮੱਸਿਆਵਾਂ ਦੇ ਹੱਲ ਕਰਨ ਦੇ ਹੁਨਰਾਂ ਦੀ ਵਰਤੋਂ ਕਰ ਸਕਦੇ ਹਨ
- ਜੋ ਪੜ੍ਹਿਆ ਹੈ ਉਸ ਬਾਰੇ ਦੂਜਿਆਂ ਨੂੰ ਦੱਸ ਸਕਦੇ ਹਨ
- ਆਪਣੇ ਆਪ ਦਾ ਪ੍ਰਗਟਾਵਾ ਕਰਨ ਲਈ ਲਿਖ ਸਕਦੇ ਹਨ
- ਆਪਣੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਦੂਜਿਆਂ ਨਾਲ ਗੱਲ ਕਰ ਸਕਦੇ ਹਨ

# 7 | ਲਿਟਰੇਸੀ ਨਾਲ ਸੰਬੰਧਿਤ ਵੈੱਬਸਾਈਟ

ਬਹੁਤ ਸਾਰੇ ਅਜਿਹੇ ਵੈੱਬਸਾਈਟ ਹਨ ਜਿਹੜੇ ਉਨ੍ਹਾਂ ਮਾਪਿਆਂ ਅਤੇ ਗਾਰਡੀਅਨਾਂ ਲਈ ਫਾਇਦੇਮੰਦ ਨੁਸਖੇ, ਖਿਆਲ ਅਤੇ ਸਰਗਰਮੀਆਂ ਦੱਸਦੇ ਹਨ ਜਿਹੜੇ ਆਪਣੇ ਬੱਚਿਆਂ ਦੀ ਪੜ੍ਹਣ ਅਤੇ ਲਿਖਣ ਵਿਚ ਮਦਦ ਕਰਨਾ ਚਾਹੁੰਦੇ ਹਨ। ਸ਼ੁਰੂ ਕਰਨ ਲਈ ਕੁਝ ਸੁਝਾਅ ਇਹ ਹਨ:

www.bced.gov.bc.ca/literacy/
www.edu.gov.on.ca/eng/document/brochure/earlyreading/
www.earlyliterature.ecsd.net/
www.starfall.com
www.kinderart.com/littles/litles.html

**ਪੜ੍ਹਾਈ ਪ੍ਰਤੀ ਸਾਡੀ ਵਚਨਬੱਧਤਾ**

ਪੜ੍ਹਾਈ ਇਕ ਸੱਭ ਤੋਂ ਮਹੱਤਵਪੂਰਨ ਇਨਵੈਸਟਮੈਂਟ ਹੈ ਜਿਹੜੀ ਕਿ ਅਸੀਂ ਆਪਣੇ ਬੱਚਿਆਂ ਦੀ ਜ਼ਿੰਦਗੀ ਵਿਚ ਕਰ ਸਕਦੇ ਹਾਂ। ਬੀ.ਸੀ. ਦਾ ਸੂਬਾ ਸੱਭ ਤੋਂ ਵਧੀਆ ਸਿਸਟਮ ਤਿਆਰ ਕਰਨ ਲਈ ਵਚਨਬੱਧ ਹੈ ਜਿਹੜਾ ਵਿਦਿਆਰਥੀਆਂ ਨੂੰ ਤਰਜੀਹ ਦਿੰਦਾ ਹੈ।ਜ਼ਿਆਦਾ ਜਾਣਕਾਰੀ ਲਈ, AchieveBC.ca ਵੈੱਬਸਾਈਟ ਦੇਖੋ।